VIGILANCE BUREAU PUNJAB

**VB nabs CDPO, Peon & a private person impersonating as police official**

Chandigarh, February 17: Punjab Vigilance Bureau, today nabbed Child Development Project officer (CDPO) and his peon posted at block Jhuneer, Mansa district red handed while accepting bribe of Rs. 25,000. In another bribery case a private person impersonating Reader to DSP Ludhiana was also arrested taking bribed amount Rs 20,000.

Disclosing this here, an official spokesperson of the Vigilance Bureau said CDPO Kiran Rani and Peon Balwinder Singh were arrested on the complaint of Mohinder Kaur working as a Anganwari helper at Jhuneer. The complainant has approached the VB and alleged that the accused CDPO was demanding Rs 30,000 to helping her in joining as Anganwari worker after promotion and the deal was struck at Rs. 25,000.

After verifying his information, the VB team laid a trap and the accused CDPO and peon were arrested on the spot while taking bribe of Rs.25,000 from the complainant in the presence of two official witnesses.

In another case VB team from Jalandhar today nabbed a private person Amandeep who was taking bribe Rs 20,000 from a travel agent impersonating as Reader to DSP Ludhiana.

The spokesperson further added that complaint Jaswant Singh village Gopipur, Kapurthala district has informed the VB about the threats being given by accused Amandeep who was demanding bribe Rs one lakh from him but the deal was struck at Rs 30,000. He had already handed over Rs 10,000 as a bribe to accused at Ludhiana.

The accused Armandeep along with two more persons Bhupinder Bhinda and Vickey, who were impersonating as Assistant Sub Inspectors and a Mohalla head, called the complainant at Ludhiana and got signed an agreement with a lady Kulwinder Kaur from Alamgir who had given him Rs one lakh for getting Canadian visa. All the accused persons were impersonating as police officials and demanding money as bribe for facilitating this compromise.

After verifying his information, the VB team laid a trap at Rama Mandi Jalandhar and the main accused Armandeep was arrested on the spot while taking bribe of Rs. 20,000 from the complainant in the presence of two official witnesses. His two other accomplices managed to escape as they were waiting at far distance.

The spokesperson informed that two dif cases under Prevention of Corruption Act have been registered against all the above accused at VB police station Bathinda and Jalandhar. Further investigations in both the cases were under progress.

----------

ਵਿਜੀਲੈਂਸ ਬਿਓਰੋ ਪੰਜਾਬ

**ਰਿਸ਼ਵਤ ਲੈਂਦੀ ਸੀ.ਡੀ.ਪੀ.ਓ. ਸੇਵਾਦਾਰ ਸਮੇਤ ਗ੍ਰਿਫਤਾਰ**

ਪੁਲਿਸ ਵਾਲਾ ਬਣਕੇ ਰਿਸ਼ਵਤ ਲੈਂਦਾ ਕਾਬੂ, ਦੋ ਸਾਥੀ ਭੱਜ ਨਿੱਕਲੇ

ਚੰਡੀਗੜ੍ਹ, 17 ਫਰਵਰੀ: ਪੰਜਾਬ ਵਿਜੀਲੈਂਸ ਬਿਊਰੋ ਨੇ ਬਲਾਕ ਝੁਨੀਰ ਜਿਲਾ ਮਾਨਸਾ ਵਿਖੇ ਤਾਇਨਾਤ ਬਾਲ ਵਿਕਾਸ ਪ੍ਰਾਜੈਕਟ ਅਧਿਕਾਰੀ (ਸੀ.ਡੀ.ਪੀ.ਓ) ਕਿਰਨ ਰਾਣੀ ਅਤੇ ਉਸਦੇ ਸੇਵਾਦਾਰ ਬਲਵਿੰਦਰ ਸਿੰਘ ਨੂੰ 25,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ। ਇਕ ਹੋਰ ਕੇਸ ਵਿੱਚ ਪ੍ਰਾਈਵੇਟ ਵਿਅਕਤੀ ਨੂੰ ਇੱਕ ਟ੍ਰੈਵਲ ਏਜੰਟ ਕੋਲੋਂ 20,000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕਰ ਲਿਆ ਜੋ ਕਿ ਆਪਣੇ ਆਪ ਨੂੰ ਡੀਐੱਸਪੀ ਲੁਧਿਆਣਾ ਦਾ ਰੀਡਰ (ਏਐੱਸਆਈ) ਦੱਸ ਰਿਹਾ ਸੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਸੀ.ਡੀ.ਪੀ.ਓ ਅਤੇ ਸੇਵਾਦਾਰ ਨੂੰ ਸ਼ਿਕਾਇਤਕਰਤਾ ਮਹਿੰਦਰ ਕੌਰ, ਆਂਗਨਵਾੜੀ ਹੈਲਪਰ ਦੀ ਸ਼ਿਕਾਇਤ 'ਤੇ ਫ਼ੜਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦੀ ਤਰੱਕੀ ਬਤੌਰ ਆਂਗਨਵਾੜੀ ਹੈਲਪਰ ਵਜੋ ਹੋਈ ਹੈ ਅਤੇ ਉਸ ਨੂੰ ਦਫਤਰ ਵਿਖੇ ਜੁਆਈਨ ਕਰਾਉਣ ਵਿਚ ਮਦਦ ਕਰਨ ਬਦਲੇ ਉਕਤ ਸੀ.ਡੀ.ਪੀ.ਓ ਵਲੋ 30,000 ਰੁਪਏ ਦੀ ਮੰਗ ਕੀਤੀ ਗਈ ਹੈ ਅਤੇ ਸੌਦਾ 25,000 ਵਿਚ ਤੈਅ ਹੋਇਆ ਹੈ।

ਵਿਜੀਲੈਂਸ ਵੱਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਉਕਤ ਦੋਸ਼ੀ ਸੀ.ਡੀ.ਪੀ.ਓ ਅਤੇ ਸੇਵਾਦਾਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ 25,000 ਰੁਪਏ ਦੀ ਰਿਸ਼ਵਤ ਲੈਂਦਿਆਂ ਮੌਕੇ 'ਤੇ ਹੀ ਦਬੋਚ ਲਿਆ।

ਬੁਲਾਰੇ ਨੇ ਦੱਸਿਆ ਕਿ ਰਿਸ਼ਵਤਖੋਰੀ ਦੇ ਇੱਕ ਹੋਰ ਕੇਸ ਵਿੱਚ ਅੱਜ ਜਲੰਧਰ ਤੋਂ ਅਮਨਦੀਪ ਨਾਮੀ ਵਿਅਕਤੀ ਨੂੰ ਸ਼ਿਕਾਇਤਕਰਤਾ ਟ੍ਰੈਵਲ ਏਜੈਂਟ ਕੋਲੋਂ 20,000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕਰ ਲਿਆ ਜੋ ਕਿ ਆਪਣੇ ਆਪ ਨੂੰ ਡੀਐੱਸਪੀ ਲੁਧਿਆਣਾ ਦਾ ਰੀਡਰ (ਏਐੱਸਆਈ) ਦੱਸ ਰਿਹਾ ਸੀ।

ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਜਸਵੰਤ ਸਿੰਘ ਪਿੰਡ ਗੋਪੀਪੁਰ ਜ਼ਿਲ੍ਹਾ ਕਪੂਰਥਲਾ ਨੇ ਵਿਜੀਲੈਂਸ ਬਿਊਰੋ ਨੂੰ ਦੱਸਿਆ ਕਿ ਲੁਧਿਆਣਾ ਵਾਸੀ ਅਮਨਦੀਪ ਉਸ ਤੋਂ ਧਮਕੀਆਂ ਦੇ ਕੇ ਇੱਕ ਲੱਖ ਰੁਪਏ ਦੀ ਮੰਗ ਕਰ ਰਿਹਾ ਹੈ ਪਰ ਸੌਦਾ 30,000 ਰੁਪਏ ਵਿੱਚ ਤੈਅ ਹੋਇਆ ਹੈ। ਇਸ ਤੋਂ ਪਹਿਲਾਂ ਉਹ 10,000 ਰੁਪਏ ਪਹਿਲੀ ਕਿਸ਼ਤ ਵਜੋਂ ਰਿਸ਼ਵਤ ਦੋਸ਼ੀ ਨੂੰ ਦੇ ਚੁੱਕਾ ਹੈ।

ਸ਼ਿਕਾਇਤਕਰਤਾ ਨੇ ਇਹ ਵੀ ਦੱਸਿਆ ਕਿ ਦੋਸ਼ੀ ਅਮਨਦੀਪ ਸਮੇਤ ਦੋ ਹੋਰ ਵਿਅਕਤੀ ਭੁਪਿੰਦਰ ਭਿੰਦਾ ਅਤੇ ਵਿੱਕੀ, ਜੋ ਕਿ ਆਪਣੇ ਆਪ ਨੂੰ ਇਹ ਐੱਸਆਈ ਦੱਸਦੇ ਹਨ ਅਤੇ ਇੱਕ ਮੁਹੱਲਾ ਮੁਖੀ ਬਬਲੂ

ਦਿਸ਼ਾਵਰ, ਨੇ ਉਸ ਨੂੰ ਲੁਧਿਆਣਾ ਵਿਖੇ ਬੁਲਾਇਆ ਅਤੇ ਕੁਲਵਿੰਦਰ ਕੌਰ ਵਾਸੀ ਆਲਮਗੀਰ ਲੁਧਿਆਣਾ ਨਾਲ ਇੱਕ ਸਮਝੌਤਾ ਕਰਨ ਲਈ ਜ਼ੋਰ ਪਾਇਆ। ਸ਼ਿਕਾਇਤਕਰਤਾ ਨੇ ਦੱਸਿਆ ਕਿ ਕੁਲਵਿੰਦਰ ਕੌਰ ਨੇ ਉਸ ਨੂੰ ਇੱਕ ਲੱਖ ਰੁਪਏ ਕੈਨੇਡਾ ਦਾ ਵੀਜ਼ਾ ਲਗਵਾਉਣ ਲਈ ਦਿੱਤੇ ਸਨ ਜਿਸ ਦੇ ਬਦਲੇ ਉਸ ਨੇ ਸਮਝੌਤੇ ਵਿੱਚ 25-25 ਹਜ਼ਾਰ ਦੇ ਚਾਰ ਚੈੱਕ ਕੱਟ ਕੇ ਮੌਕੇ ਉਪਰ ਹੀ ਦੇ ਦਿੱਤੇ। ਇਸ ਸਮਝੌਤੇ ਦੇ ਇਵਜ਼ ਵਿੱਚ ਉਕਤ ਜਾਅਲੀ ਪੁਲਸ ਮੁਲਾਜ਼ਮ ਉਸ ਤੋਂ 30,000 ਰੁਪਏ ਦੀ ਰਿਸ਼ਵਤ ਧੱਕੇ ਨਾਲ ਮੰਗ ਰਹੇ ਸਨ। ਉਸ ਦੇ ਘਰ ਵੀ ਉਨਾਂ ਰੇਡ ਮਾਰੀ ਸੀ।

ਵਿਜੀਲੈਂਸ ਬਿਊਰੋ ਵੱਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਵਿਜੀਲੈਂਸ ਟੀਮ ਦਾ ਗਠਨ ਕੀਤਾ ਅਤੇ ਰਾਮਾ ਮੰਡੀ ਜਲੰਧਰ ਵਿਖੇ ਰਿਸ਼ਵਤ ਦੀ ਦੂਜੀ ਕਿਸ਼ਤ ਵਜੋਂ 20,000 ਰੁਪਏ ਲੈਣ ਪਹੁੰਚੇ ਦੋਸ਼ੀ ਅਮਨਦੀਪ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਮੌਕੇ ਤੇ ਹੀ ਕਾਬੂ ਕਰ ਲਿਆ ਜਦ ਕਿ ਉਸ ਦੇ ਦੋ ਸਾਥੀ ਖਿਸਕਣ ਵਿਚ ਕਾਮਯਾਬ ਹੋ ਗਏ ਕਿਉਂਕਿ ਉਹ ਦੂਰ ਖੜ੍ਹੇ ਦੋਸ਼ੀ ਦੀ ਉਡੀਕ ਕਰ ਰਹੇ ਸਨ।

ਉਨਾਂ ਦੱਸਿਆ ਕਿ ਇਨ੍ਹਾਂ ਉਕਤ ਦੋਹਾਂ ਕੇਸਾਂ ਵਿੱਚ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ ਵੱਖ ਧਾਰਾਵਾਂ ਹੇਠ ਵਿਜੀਲੈਂਸ ਦੇ ਪੁਲਸ ਥਾਣਾ ਬਠਿੰਡਾ ਅਤੇ ਜਲੰਧਰ ਵਿਖੇ ਮੁਕੱਦਮੇ ਦਰਜ ਕਰ ਲਏ ਹਨ। ਦੋਹਾਂ ਕੇਸਾਂ ਵਿੱਚ ਹੋਰ ਤਫ਼ਤੀਸ਼ ਜਾਰੀ ਹੈ।

-------